# ਸਕੂਲ ਸਿੱਖਿਆ ਵਿਭਾਗ, ਪੰਜਾਬ

ਪੰਜਾਬ:ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਪ੍ਰਭਾਵ



# Home Assignment
## Class : 9th
## Social Studies

### Part-1 (History)

### ਇਤਿਹਾਸ

### ਪਾਠ:1(a)

**Segment-2**

(From Text-book Page No. 03 to 03)





ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਅੰਗਰੇਜੀ ਅਤੇ ਸ.ਸ. ਟੀਮ–ਜਲੰਧਰ)

## ਪੰਜਾਬ ਦਾ ਬਦਲਦਾ ਰਾਜਨੀਤਕ ਸਰੂਪ

- ਰਿਗਵੈਦਿਕ ਕਾਲ ਤੋਂ ਭਾਰਤ ਦੀ ਆਜ਼ਾਦੀ ਦੇ ਬਾਅਦ ਤੱਕ ਪੰਜਾਬ ਦੀਆਂ ਸੀਮਾਵਾਂ ਵਿੱਚ ਤਬਦੀਲੀ ਹੁੰਦੀ ਰਹੀ ਹੈ।
- ਪੰਜਾਬ ਵਿੱਚ ਰਿਗਵੇਦ ਸਮੇਂ ਸਿੰਧੂ ਨਦੀ ਤੋਂ ਸਰਸਵਤੀ ਤੱਕ ਦਾ ਇਲਾਕਾ ਸ਼ਾਮਲ ਸੀ।
- ਚੰਦਰਗੁਪਤ ਮੋਰੀਆ ਨੇ ਪੰਜਾਬ ਨੂੰ ਹਿੰਦੂਕੁਸ਼ ਦੇ ਪਹਾੜਾਂ ਤੱਕ ਪਹੁੰਚਾ ਦਿੱਤਾ ਅਤੇ ਤਕਸ਼ਿਲਾ ਵੀ ਪੰਜਾਬ ਦਾ ਹਿੱਸਾ ਬਣ ਗਿਆ।
- ਹਿੰਦੀ-ਬਾਖ਼ਤਰੀ ਅਤੇ ਹਿੰਦੀ-ਪਾਰਥੀ ਰਾਜਿਆਂ ਸਮੇਂ ਪੰਜਾਬ ਦੀ ਰਾਜਧਾਨੀ ਸਾਕਲਾ ਸੀ।
- ਦਿੱਲੀ ਸਲਤਨਤ ਸਮੇਂ ਪੰਜਾਬ (ਲਾਹੌਰ ਸੂਬਾ) ਦੀ ਸੀਮਾ ਸਤਲੁਜ ਨਦੀ ਤੋਂ ਪੇਸ਼ਾਵਰ ਤੱਕ ਸੀ।
- ਮੁਗਲ ਬਾਦਸ਼ਾਹ ਅਕਬਰ ਨੇ ਪੰਜਾਬ ਨੂੰ ਦੋ ਪ੍ਰਾਂਤਾਂ, ਲਾਹੌਰ ਅਤੇ ਮੁਲਤਾਨ ਵਿੱਚ ਵੰਡ ਦਿੱਤਾ।



ਚੰਦਰਗੁਪਤ ਮੋਰੀਆ ਦਾ ਬੁੱਤ



ਮੁਗਲ ਬਾਦਸ਼ਾਹ ਅਕਬਰ

ਸਕਲ ਸਿੱਖਿਆ ਵਿਭਾਗ, ਪੰਜਾਬ
ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ
ਟੀਮ - ਜਲੰਧਰ

- ਮਹਾਰਾਜਾ ਰਣਜੀਤ ਸਿੰਘ ਸਮੇਂ ਪੰਜਾਬ ਸਤਲੁਜ ਨਦੀ ਤੋਂ ਖੈਬਰ ਦੱਰੇ ਤੱਕ ਫੈਲਿਆ ਹੋਇਆ ਸੀ। ਇਸ ਦੀ ਰਾਜਧਾਨੀ ਲਾਹੌਰ ਸੀ।
- 1849 ਵਿੱਚ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾਇਆ।
- 1901 ਵਿੱਚ ਲਾਰਡ ਕਰਜ਼ਨ ਨੇ ਪੰਜਾਬ ਨੂੰ ਉੱਤਰ-ਪੱਛਮੀ ਸਰਹੱਦੀ ਸੂਬਾ ਬਣਾਇਆ।
- 1911 ਵਿੱਚ ਲਾਰਡ ਹਾਰਡਿੰਗ ਨੇ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਬਣਾਇਆ,ਪੰਜਾਬ ਸਹੀ ਅਰਥਾਂ ਵਿੱਚ ਪੰਜ ਨਦੀਆਂ ਦੀ ਧਰਤੀ ਦੇ ਸਰੂਪ ਵਿੱਚ ਆਇਆ ।
- 1947 ਵਿੱਚ ਭਾਰਤ ਦੀ ਵੰਡ ਸਮੇਂ ਪੰਜਾਬ ਦੇ 29 ਜ਼ਿਲ੍ਹਿਆਂ ਵਿੱਚੋਂ 16 ਮੁਸਲਿਮ ਬਹੁਗਿਣਤੀ ਵਾਲੇ ਜ਼ਿਲ੍ਹੇ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਚਲੇ ਗਏ ਅਤੇ 13 ਜ਼ਿਲ੍ਹੇ ਭਾਰਤੀ (ਪੂਰਬੀ ) ਪੰਜਾਬ ਦੇ ਹਿੱਸੇ ਆਏ।
- 1956 ਵਿੱਚ ਮਾਲਵਾ ਦੀਆਂ ਰਿਆਸਤਾਂ ਭੰਗ ਕਰਕੇ ਪੰਜਾਬ ਵਿੱਚ ਮਿਲਾ ਦਿੱਤੀਆਂ ਗਈਆਂ।
- 1 ਨਵੰਬਰ 1966 ਨੂੰ ਭਾਸ਼ਾ ਦੇ ਆਧਾਰ ਤੇ ਪੰਜਾਬ ਦੀ ਵੰਡ ਕਰਕੇ ਨਵਾਂ ਰਾਜ ਹਰਿਆਣਾ ਹੋਂਦ ਵਿੱਚ ਆਇਆ।
- ਪੰਜਾਬ ਦੇ ਕੁਝ ਪਹਾੜੀ ਹਿੱਸੇ ਹਿਮਾਚਲ ਵਿੱਚ ਮਿਲਾ ਦਿੱਤੇ ਗਏ।
- ਇਸ ਤਰ੍ਹਾਂ 1966 ਵਿੱਚ ਵਰਤਮਾਨ ਪੰਜਾਬ ਹੋਂਦ ਵਿੱਚ ਆਇਆ।


ਮਹਾਰਾਜਾ ਰਣਜੀਤ ਸਿੰਘ


ਲਾਰਡ ਹਾਰਡਿੰਗ

## ਬਹੁ-ਵਿਕਲਪੀ ਪ੍ਰਸ਼ਨ :

1.ਮੁਗ਼ਲ ਬਾਦਸ਼ਾਹ ਅਕਬਰ ਨੇ ਪੰਜਾਬ ਨੂੰ ਪ੍ਰਾਂਤਾਂ ਵਿੱਚ ਵੰਡਿਆ :

(ੳ) ਤਿੰਨਾਂ (ਅ) ਦੋ

(ੲ) ਚਾਰ (ਸ) ਪੰਜ

2. ਮਹਾਰਾਜਾ ਰਣਜੀਤ ਸਿੰਘ ਸਮੇਂ ਪੰਜਾਬ ਦੀ ਰਾਜਧਾਨੀ ਸੀ :

(ੳ) ਲਾਹੌਰ (ਅ) ਕਸ਼ਮੀਰ

(ੲ) ਅੰਮ੍ਰਿਤਸਰ (ਸ) ਪੇਸ਼ਾਵਰ

3. ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਮਿਲਾਇਆ ਗਿਆ :

(ੳ) 1 ਨਵੰਬਰ1966 (ਅ) 26 ਜਨਵਰੀ1950

(ੲ) 29ਮਾਰਚ1949 (ਸ) 29ਮਾਰਚ 1849

4. 1947ਦੀ ਭਾਰਤ ਵੰਡ ਸਮੇਂ ਪੰਜਾਬ ਦੇ ਕੁੱਲ ਜ਼ਿਲ੍ਹੇ ਸਨ :

(ੳ) 13 (ਅ) 15

(ੲ) 29 (ਸ) 16

5. ਭਾਸ਼ਾ ਦੇ ਆਧਾਰ 'ਤੇ ਪੰਜਾਬ ਦਾ ਪੁਨਰਗਠਨ ਕੀਤਾ ਗਿਆ :

(ੳ) 1ਨਵੰਬਰ1966 (ਅ) 15ਅਗਸਤ1947

(ੲ) 1 ਨਵੰਬਰ1950 (ਸ) 26 ਜਨਵਰੀ 1950

ਸਕੂਲ ਸਿੱਖਿਆ ਵਿਭਾਗ, ਪੰਜਾਬ
ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ
ਟੀਮ - ਜਲੰਧਰ


## ਖਾਲੀ ਸਥਾਨ ਭਰੋ :

1. ਰਿਗਵੇਦ ਦੇ ਸਮੇਂ ਪੰਜਾਬ ਸਿੰਧੂ ਨਦੀ ਤੋਂ ---------ਨਦੀ ਤੱਕ ਫੈਲਿਆ ਹੋਇਆ ਸੀ|
2. ਲਾਰਡ ਹਾਰਡਿੰਗ ਦੇ ਸਮੇਂ ਪੰਜਾਬ ਸਹੀ ਅਰਥਾਂ ਵਿੱਚ ਪੰਜਾਬ ------ ਨਦੀਆਂ ਦੀ ਧਰਤੀ ਬਣੀ ।
3. ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬ ਸਤਲੁਜ ਨਦੀ ਤੋਂ--------- ਦੱਰੇ ਤੱਕ ਫੈਲ ਗਿਆ|
4. ਦਿੱਲੀ ਸਲਤਨਤ ਕਾਲ ਵਿੱਚ ਪੰਜਾਬ ਦੀ ਸੀਮਾ ਸਤਲੁਜ ਨਦੀ ਤੋਂ--------- ਤੱਕ ਸੀ|
5.1857 ਤੋਂ ਬਾਅਦ -------ਨੂੰ ਵੀ ਪੰਜਾਬ ਦਾ ਹਿੱਸਾ ਬਣਾ ਦਿੱਤਾ ਗਿਆ

## ਸਹੀ ਮਿਲਾਨ ਕਰੋ :

| | |
|---|---|
| ਪੰਜਾਬ ਅੰਗਰੇਜ਼ੀ ਰਾਜ ਵਿੱਚ ਮਿਲਾਇਆ | ਸਰਹੱਦੀ ਸੂਬਾ ਬਣਾਇਆ |
| ਮੁਗਲ ਬਾਦਸ਼ਾਹ ਅਕਬਰ | 1849 |
| ਨਵਾਂ ਪੰਜਾਬ | ਦਿੱਲੀ ਨੂੰ ਰਾਜਧਾਨੀ ਬਣਾਇਆ |
| ਲਾਰਡ ਕਰਜ਼ਨ | 1966 |
| ਲਾਰਡ ਹਾਰਡਿੰਗ | ਪੰਜਾਬ ਨੂੰ ਦੋ ਭਾਗਾਂ ਵਿੱਚ ਵੰਡਿਆ |

ਸਕੂਲ ਸਿੱਖਿਆ ਵਿਭਾਗ, ਪੰਜਾਬ
ਅਤੇ ਸਮਾਜਿਕ ਸਿੱਖਿ
ਟੀਮ - ਜਲੰਧਰ



# THANKS

**Part-1 (History)**

ਇਤਿਹਾਸ



ਪਾਠ:1(a)

**Segment-2**

(From Text-book Page No. 03 to  03)

